ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ
ਵਿਕਾਸ ਭਵਨ, ਪਲਾਟ ਨੰ: 1, ਸੈਕਟਰ-62, ਫੇਜ਼-8
ਐਸ.ਏ.ਐਸ ਨਗਰ ਮੋਹਾਲੀ
ਫੋਨ ਤੇ ਫੈਕਸ: 0172-2231749 ਈ-ਮੇਲ: sirdpb@gmail.com

ਨੰਬਰ : 170-215 ਮਿਤੀ: 31-1-2011

ਵੱਲ

ਸਮੂੰਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਫਰੀਦਕੋਟ ਅਤੇ ਫਿਰੋਜ਼ਪੁਰ ਡਵੀਜ਼ਨ
ਸਮੂੰਹ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ ਅਤੇ ਫਿਰੋਜ਼ਪੁਰ ਡਵੀਜ਼ਨ
ਸਮੂੰਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ ਅਤੇ ਫਿਰੋਜ਼ਪੁਰ ਡਵੀਜ਼ਨ

ਵਿਸ਼ਾ-: ਪੰਚਾਇਤ ਸੰਮਤੀਆ ਦੇ ਚੁਣੇ ਹੋਏ ਨੁੰਮਾਇੰਦਿਆਂ ਅਤੇ ਅਧਿਕਾਰੀਆਂ/ਕਰਮਚਾਰੀਆਂ ਨੂੰ ਟ੍ਰੇਨਿੰਗ ਦੇਣ ਸਬੰਧੀ ।

ਪੰਜਾਬ ਸਰਕਾਰ ਵਲੋਂ ਦਿਹਾਤੀ ਅਤੇ ਸਨਅਤੀ ਵਿਕਾਸ ਅਤੇ ਖੋਜ ਸੰਸਥਾ (ਕਰਿੱਡ), ਚੰਡੀਗੜ੍ਹ ਦੇ ਸਹਿਯੋਗ ਨਾਲ ਪੰਚਾਇਤ ਸੰਮਤੀਆਂ ਦੇ ਚੁਣੇ ਨੁੰਮਾਇੰਦਿਆ ਅਤੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਰਕਾਰੀ ਨਿਯਮਾਂ/ਰੂਲਾਂ ਦੀ ਜਾਣਕਾਰੀ ਦੇਣ ਅਤੇ ਉਨ੍ਹਾਂ ਵਲੋਂ ਸਰਕਾਰੀ ਸਕੀਮਾਂ ਵਿਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣ ਲਈ ਬਲਾਕ ਪੱਧਰੀ ਟ੍ਰੇਨਿੰਗ ਪ੍ਰੋਗਰਾਮ ਮਿਤੀ 09.02.2011 ਤੋਂ ਆਯੋਜਿਤ ਕੀਤੇ ਜਾ ਰਹੇ ਹਨ । ਯਾਦ ਰਹੇ ਕਿ ਅਜੋਕੇ ਸਮੇਂ ਵਿਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਵਧੇਰੇ ਕਾਰਜਸ਼ੀਲ ਅਤੇ ਚੁਸਤ ਫੁਰਤ ਬਣਾਉਣ, ਨੁੰਮਾਇੰਦਿਆਂ ਨੂੰ ਵਧੇਰੇ ਅਧਿਕਾਰ ਦੇਣ, ਪ੍ਰਸ਼ਾਸ਼ਨ ਵਿੱਚ ਉਹਨਾਂ ਦੀ ਭਾਗੀਦਾਰੀ ਵਧਾਉਣ ਅਤੇ ਲੋਕਾਂ ਪ੍ਰਤੀ ਆਪਣੇ ਫਰਜ਼ਾਂ ਅਤੇ ਕਰਤੱਵਾਂ ਬਾਬਤ ਜਾਣੂ ਕਰਵਾਉਣ ਲਈ ਟ੍ਰੇਨਿੰਗ ਦੀ ਬਹੁਤ ਅਹਿਮੀਅਤ ਅਤੇ ਜਰੂਰਤ ਹੈ । ਵਿਭਾਗ ਵਲੋਂ ਇਸ ਪ੍ਰੋਗਰਾਮ ਨੂੰ ਸੁਚਾਰੂ ਅਤੇ ਸਫਲ ਬਣਾਉਣ ਲਈ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆ ਹਨ:-

1. ਜ਼ਿਲ੍ਹੇ ਦਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਟ੍ਰੇਨਿੰਗ ਦੇ ਸੰਦਰਭ ਵਿਚ ਨੋਡਲ ਅਫਸਰ ਦੀ ਭੂਮਿਕਾ ਨਿਭਾਉਣਗੇ ।

2. ਕਿਉਂਕੀ ਇਹ ਟ੍ਰੇਨਿੰਗ ਪ੍ਰੋਗਰਾਮ ਪੰਚਾਇਤ ਸੰਮਤੀਆਂ ਦੇ ਚੁਣੇ ਹੋਏ ਨੁੰਮਾਇੰਦਿਆਂ ਅਤੇ ਅਧਿਕਾਰੀਆ/ਕਰਮਚਾਰੀਆਂ ਲਈ ਹੈ ਇਸ ਲਈ ਉਨ੍ਹਾਂ ਸਾਰਿਆਂ ਦਾ ਇਸ ਪ੍ਰੋਗਰਾਮ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ ।

3. ਪੰਚਾਇਤ ਸੰਮਤੀ ਪੱਧਰ ਦੇ ਚੁਣੇ ਹੋਏ ਨੁੰਮਾਇੰਦਿਆਂ/ਕਰਮਚਾਰੀਆਂ ਨੂੰ ਦੋ ਰੋਜ਼ਾ ਟ੍ਰੇਨਿੰਗ ਦਿੱਤੀ ਜਾਵੇਗੀ ।

4. ਟ੍ਰੇਨਿੰਗ ਦਾ ਸਮਾਂ ਸਵੇਰੇ 9:30 ਤੋਂ 4:00 ਵਜੇ ਸ਼ਾਮ ਤੀਕ ਹੋਵੇਗਾ।

5. ਬਲਾਕ ਪੱਧਰ ਤੇ ਆਯੋਜਿਤ ਕੀਤੀਆ ਜਾ ਰਹੀਆ ਇਹਨਾਂ ਦੋ ਰੋਜ਼ਾ ਵਰਕਸ਼ਾਪਾਂ ਵਿਚ ਹਾਜ਼ਰੀ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸਬੰਧਤ ਬੀ.ਡੀ.ਪੀ.ਓ ਦੀ ਹੋਵੇਗੀ । ਘੱਟ ਹਾਜ਼ਰੀ ਹੋਣ ਤੇ ਸਰਕਾਰ ਨੂੰ ਹੋਣ ਵਾਲੇ ਵਿੱਤੀ ਨੁਕਸਾਨ ਦਾ ਜ਼ਿੰਮੇਵਾਰ ਸਬੰਧਤ ਅਧਿਕਾਰੀ ਹੋਵੇਗਾ ।

6. ਟ੍ਰੇਨਿੰਗ ਦੌਰਾਨ ਕਰਿੱਡ ਵੱਲੋਂ ਹਰ ਰੋਜ਼ ਇੱਕ ਵਾਰ ਚਾਹ ਸਮੇਤ ਦੋ ਸਮੋਸੇ, ਦੋ ਪੀਸ ਬਰਫੀ ਅਤੇ ਇੱਕ ਕੇਲਾ ਵਰਕਸ਼ਾਪ ਵਿਚ ਭਾਗ ਲੈਣ ਵਾਲੇ ਹਰੇਕ ਨੁੰਮਾਇੰਦੇ ਨੂੰ ਮੁਹੱਈਆ ਕਰਵਾਇਆ ਜਾਵੇਗਾ ਅਤੇ ਹਰ ਨੁੰਮਾਇੰਦੇ ਨੂੰ ਇਕ ਟ੍ਰੇਨਿੰਗ ਕਿੱਟ (ਫਾਈਲ ਕਵਰ, ਨੋਟ ਪੈਡ, ਪੈਨ ਅਤੇ ਟ੍ਰੇਨਿੰਗ ਮੈਨੁਅਲ) ਦੇਣ ਦੀ ਜ਼ਿੰਮੇਵਾਰੀ ਕਰਿੱਡ ਸੰਸਥਾ ਦੀ ਹੋਵੇਗੀ ।

7. ਦੁਪਿਹਰ ਦੇ ਖਾਣੇ ਦੇ ਬਦਲੇ ਵਰਕਸ਼ਾਪ ਵਿਚ ਦੋਵੇਂ ਦਿਨ ਭਾਗ ਲੈਣ ਵਾਲੇ ਨੁਮਾਇੰਦਿਆਂ/ਕਰਮਚਾਰੀਆਂ ਨੂੰ ਦੂਸਰੇ ਦਿਨ ਵਰਕਸ਼ਾਪ ਦੇ ਅਖੀਰ ਵਿੱਚ 250 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਕੈਂਪ ਨਕਦ ਦਿੱਤੇ ਜਾਣਗੇ । ਵਰਕਸ਼ਾਪ ਵਿਚ ਸਿਰਫ ਇਕ ਦਿਨ ਭਾਗ ਲੈਣ ਵਾਲੇ ਨੁਮਾਇੰਦੇ/ਕਰਮਚਾਰੀ ਨੂੰ ਖਾਣੇ-ਭੱਤੇ ਦੀ ਉਪਰੋਕਤ ਰਕਮ ਨਹੀਂ ਦਿੱਤੀ ਜਾਵੇਗੀ ।

8. ਟ੍ਰੇਨਿੰਗ ਦੀ ਮਿਤੀ, ਸਮਾਂ ਅਤੇ ਸਥਾਨ ਬਾਰੇ ਮੈਂਬਰਾਂ ਨੂੰ ਅਗਾਊਂ ਸੂਚਨਾ ਸਬੰਧਤ ਬੀ.ਡੀ.ਪੀ.ਓ ਵੱਲੋਂ ਦਿੱਤੀ ਜਾਵੇਗੀ ਅਤੇ ਇਸ ਦੀ ਇੱਕ ਕਾਪੀ ਟ੍ਰੇਨਿੰਗ ਸ਼ੁਰੂ ਹੋਣ ਤੋਂ ਇਕ ਹਫਤਾ ਪਹਿਲਾਂ ਐਸ.ਆਈ.ਆਰ.ਡੀ ਨੂੰ ਈ-ਮੇਲ ਰਾਹੀਂ ਭੇਜਣੀ ਜਰੂਰੀ ਹੈ । ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

9. ਇਹ ਗੱਲ ਯਕੀਨੀ ਬਣਾਈ ਜਾਵੇ ਕਿ ਟ੍ਰੇਨਿੰਗ ਪੰਚਾਇਤ ਸੰਮਤੀ ਨਾਲ ਸਬੰਧਤ ਮੈਂਬਰਾਂ ਨੂੰ ਹੀ ਦਿੱਤੀ ਜਾਵੇ ਨਾ ਕਿ ਕਿਸੇ ਮੈਂਬਰ ਦੇ ਪਤੀ/ਪਤਨੀ ਜਾਂ ਰਿਸ਼ਤੇਦਾਰ ਨੂੰ ।

10. ਹਾਜ਼ਰੀ ਸਵੇਰੇ ਕੇਵਲ 9:30 ਤੋਂ 10:30 ਵਜੇ ਤੱਕ ਵਰਕਸ਼ਾਪ ਵਿਚ ਪਹੁੰਚਣ ਵਾਲੇ ਨੁਮਾਇੰਦਿਆਂ ਦੀ ਹੀ ਲੱਗੇਗੀ। ਇਸ ਤੋਂ ਬਾਅਦ ਲੇਟ ਆਉਣ ਵਾਲੇ ਨੁਮਾਇੰਦਿਆਂ/ਕਰਮਚਾਰੀਆਂ ਦੀ ਹਾਜ਼ਰੀ ਨਹੀਂ ਲੱਗੇਗੀ ।

11. ਜਿਨ੍ਹਾਂ ਮਹਿਕਮਿਆਂ ਦੇ ਕੰਮ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੌਂਪ ਗਏ ਹਨ, ਉਨ੍ਹਾਂ ਮਹਿਕਮਿਆਂ ਦੇ ਅਧਿਕਾਰੀਆਂ ਲਈ ਇਹਨਾਂ ਵਰਕਸ਼ਾਪਾਂ ਭਾਗ ਲੈਣਾ ਲਾਜ਼ਮੀ ਹੈ । ਉਨ੍ਹਾਂ ਦੀ ਸ਼ਮੂਲੀਅਤ ਸਬੰਧਤ ਬੀ.ਡੀ.ਪੀ.ਓ ਵਲੋਂ ਯਕੀਨੀ ਬਣਾਈ ਜਾਵੇ ।

12. ਵੱਖ ਵੱਖਰੇ ਮਹਿਕਮਿਆਂ ਦੀਆਂ ਜ਼ਿਲ੍ਹਾ ਪੱਧਰੀ ਵਿਕਾਸ ਸਕੀਮਾਂ ਦੀ ਜਾਣਕਾਰੀ ਵਰਕਸ਼ਾਪ ਵਿਚ ਟ੍ਰੇਨਿੰਗ ਲੈ ਰਹੇ ਪ੍ਰਤੀਨਿਧੀਆਂ ਨੂੰ ਮੁੱਹਈਆ ਕਰਵਾਉਣ ਲਈ ਸਬੰਧਤ ਮਹਿਕਮੇਂ ਦੇ ਅਧਿਕਾਰੀਆਂ ਨੂੰ ਇਸ ਟ੍ਰੇਨਿੰਗ ਵਿੱਚ ਸ਼ਾਮਲ ਕੀਤਾ ਜਾਵੇ ।

13. ਇਸ ਟ੍ਰੇਨਿੰਗ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਲੋੜੀਂਦੀ ਸੇਧ ਅਤੇ ਨਿਗਰਾਨੀ ਦੀ ਜਿੰਮੇਵਾਰੀ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਡੀ.ਡੀ.ਪੀ.ਓ ਦੀ ਹੋਵੇਗੀ ।

14. ਟ੍ਰੇਨਿੰਗ ਟੀਮ ਦੇ ਮੈਂਬਰਾਂ ਦੀ ਰਿਹਾਇਸ਼ ਜਾਂ ਟ੍ਰੇਨਿੰਗ ਨਾਲ ਸਬੰਧਤ ਕਿਸੇ ਹੋਰ ਕਿਸਮ ਦੀ ਮੱਦਦ ਵਾਸਤੇ ਜ਼ਿਲ੍ਹਾ ਅਤੇ ਬਲਾਕ ਪੱਧਰੀ ਅਧਿਕਾਰੀਆਂ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇ ।

15. ਭਾਰਤ ਸਰਕਾਰ ਵੱਲੋਂ ਜਾਰੀ ਮਾਪਦੰਡਾਂ ਅਨੁਸਾਰ ਇਸ ਟ੍ਰੇਨਿੰਗ ਦੌਰਾਨ ਕੀਤਾ ਜਾਣ ਵਾਲਾ ਖਰਚਾ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿੱਡ), ਚੰਡੀਗੜ੍ਹ ਵਲੋਂ ਕੀਤਾ ਜਾਵੇਗਾ ।

ਡਿ. ਡਾ. (ਪ੍ਰਸ਼ਾਸਨ)
ਵਾਸਤੇ ਡਾਇਰੈਕਟਰ
ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ
ਐਸ.ਏ.ਐਸ.ਨਗਰ ( ਮੋਹਾਲੀ )